**BUDHA DAL PUBLIC SCHOOL PATIALA**

**Final Examination (16 March 2026)**

**Class - VII**

**Paper - Punjabi**

**Set - A**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

**ਪੜ੍ਹਨ-ਕੌਸ਼ਲ**

1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (6)

ਲੋਕ-ਕਲਾ ਜੀਵਨ ਦੀਆਂ ਲੋੜਾਂ ਵਿੱਚੋਂ ਉਪਜੀ ਹੋਣ ਕਰਕੇ ਜਨਜੀਵਨ ਤੇ ਸੱਭਿਆਚਾਰ ਨਾਲ਼ ਇਕਰਸ ਹੁੰਦੀ ਹੈ। ਇਸ ਦਾ ਸੁਹਜ ਤੇ ਫੱਬਣ ਵਾਲ਼ਾ ਰੂਪ ਜਾਤੀ ਦੀਆਂ ਕਲਾ-ਰੁਚੀਆਂ ਦਾ ਬੌਧਿਕ ਪ੍ਰਗਟਾਵਾ ਹੈ। ਲੋਕ-ਕਲਾ ਪਿੰਡਾਂ ਦੇ ਅੱਲੜ੍ਹ ਲੋਕਾਂ ਦੀਆਂ ਭਾਵਨਾਵਾਂ ਤੇ ਤਜ਼ਰਬਿਆਂ ਦਾ ਸੁਭਾਵਕ ਪ੍ਰਗਟਾਵਾ ਹੁੰਦੀ ਹੈ। ਇਸ ਵਿੱਚ ਸਦੀਆਂ ਤੋਂ ਚੱਲੀਆਂ ਆ ਰਹੀਆਂ ਕਲਾ-ਰੁਚੀਆਂ ਸਹਿਜ ਭਾਵ ਵਿੱਚ ਹੀ ਪ੍ਰਫੁਲੱਤ ਹੁੰਦੀਆਂ ਰਹੀਆਂ ਹਨ। ਪੀੜ੍ਹੀਆਂ ਦਾ ਅਨੁਭਵ ਖੁਰ-ਖੁਰ ਕੇ ਇਸ ਕਲਾ ਨੂੰ ਨਿਖਾਰਦਾ ਤੇ ਸੰਵਾਰਦਾ ਰਿਹਾ ਹੈ। ਭਾਵੇਂ ਵੇਖਣ ਵਿੱਚ ਲੋਕ-ਕਲਾ ਸਾਦੀ-ਜਿਹੀ ਲੱਗਦੀ ਹੈ, ਪਰ ਇਸ ਵਿੱਚ ਕਲਾ ਦੀ ਇੱਕ ਪ੍ਰਬਲ ਕਣੀ ਹੁੰਦੀ ਹੈ, ਜੋ ਇਸ ਦੀ ਛਬੀ ਨੂੰ ਮਨਮੋਹਣਾ ਤੇ ਪ੍ਰਭਾਵਸ਼ਾਲੀ ਬਣਾਉਂਦੀ ਹੈ।

ਉਪਰੋਕਤ ਪੈਰੇ ਦੇ ਅਧਾਰ 'ਤੇ ਪ੍ਰਸ਼ਨਾਂ ਦੇ ਉੱਤਰ ਲਿਖੋ–

**ਪ੍ਰਸ਼ਨ**

(ੳ) ਲੋਕ-ਕਲਾ ਕਿੱਥੋਂ ਉਪਜਦੀ ਹੈ?

(ਅ) ਪੇਂਡੂ ਲੋਕਾਂ ਦੇ ਤਜ਼ਰਬਿਆਂ ਦਾ ਪ੍ਰਗਟਾਵਾ ਲੋਕ-ਕਲਾ ਕਿਵੇਂ ਕਰਦੀ ਹੈ?


(ੲ) ਸੱਭਿਆਚਾਰ ਤੋਂ ਕੀ ਭਾਵ ਹੈ?

(ਸ) ਲੋਕ-ਕਲਾ ਨੂੰ ਕੌਣ ਨਿਖਾਰਦਾ ਤੇ ਸੰਵ੍ਹਾਰਦਾ ਹੈ?

(ਹ) ਲੋਕ-ਕਲਾ ਵੇਖਣ ਵਿੱਚ ਕਿਹੋ-ਜਿਹੀ ਲੱਗਦੀ ਹੈ?

ਕ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ ਆਪਣੇ ਵਿਚਾਰ 40-50 ਸ਼ਬਦਾਂ ਵਿੱਚ ਲਿਖੋ। (4)



A-1

Scanned with OKEN Scanner

## ਵਿਆਕਰਨ

1) **ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ:** (2)

ਗਾਇਕ, ਖਿਡਾਰੀ, ਮਿੱਤਰ, ਵਰ

2) **ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ:** (2)

ਹੱਥਣੀ, ਮੰਗਤਾ, ਜੌਂ, ਪੰਘੂੜਾ

3) **ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:** (2)

ਕੋਮਲ, ਚਾਨਣ, ਝੂਠਾ, ਪੂਰਬ

4) **ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ:** (2)

ਕੋਮਲ, ਧਨਵਾਨ

5) **ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਤੇ ਇੱਕ ਸ਼ਬਦ ਲਿਖੋ:** (2)

ੳ) ਚੰਗੇ ਆਚਰਨ ਵਾਲਾ ਮਨੁੱਖ -

ਅ) ਪਿੰਡ ਦੀ ਪੰਚਾਇਤ ਦਾ ਮੁੱਖੀ -

6) **ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (2)

ਬਦ, ਨਾ

7) **ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (2)

ਚਾਰੀ, ੜੀ

8) **ਹੇਠ ਲਿਖੇ ਅਖਾਣ ਪੂਰੇ ਕਰੋ:** (2)

ੳ) ਇਨ੍ਹਾਂ ਤਿੱਲਾਂ ਵਿੱਚ ................।

ਅ) ਪੁੱਟਿਆ ਪਹਾੜ ................. ।

9) **ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:** (2)

ਸੈਹਕਾਰੀ, ਮਾਲਿਕ, ਉਚਾਰਣ, ਬੇਹਤਰ

10) **ਹੇਠ ਲਿਖੇ ਬਹੁਅਰਥਕ ਸ਼ਬਦਾਂ ਦੇ ਦੋ-ਦੋ ਅਰਥ ਲਿਖ ਕੇ ਦੋ-ਦੋ ਵਾਕ ਬਣਾਓ:** (4)

ਧਾਰ, ਘੜੀ

11) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ: (3

ੳ) ਘਰੋਂ-ਘਾਟੋਂ ਜਾਣਾ ਅ) ਗੋਡੇ ਟੇਕਣਾ ੲ) ਕਲੇਜਾ ਫਟ ਜਾਣਾ

12) **ਹੇਠ ਲਿਖੇ ਸ਼ਬਦਾਂ ਦੇ ਸਮਾਸੀ ਸ਼ਬਦ ਬਣਾਓ:** (

ਗੁਰੂ ਦਾ ਪ੍ਰਸਾਦ, ਦਰਿਆ ਵਰਗਾ ਦਿਲ

13) **ਹੇਠ ਲਿਖੇ ਵਾਕ ਵਿੱਚੋਂ ਵਿਸ਼ੇਸ਼ਣ ਸ਼ਬਦ ਚੁਣ ਕੇ ਉਸ ਦੀ ਕਿਸਮ ਵੀ ਲਿਖੋ:** (

ਥੋੜ੍ਹਾ ਜਿਹਾ ਜੂਸ ਪੀ ਕੇ ਜਾਓ ਜੀ।

Scanned with OKEN Scanner

**14) ਹੇਠ ਲਿਖੇ ਵਾਕਾਂ ਵਿੱਚੋਂ ਕਿਰਿਆ-ਵਿਸ਼ੇਸ਼ਣ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ:** (1)

ਅਸੀਂ ਕਾਹਲੀ-ਕਾਹਲੀ ਕੰਮ ਕੀਤਾ।

**15) ਹੇਠ ਲਿਖੇ ਵਾਕ ਵਿੱਚ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਤੋਂ ਲਿਖੋ:** (1)

ਪਿਤਾ ਜੀ ਨੇ ਕਿਹਾ ਮੇਰੀ ਗੱਲ ਸੁਣ ਕੇ ਜਾਓ।

## ਪਾਠ ਪੁਸਤਕ ਤੇ ਅਧਾਰਿਤ

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ। (ਕੋਈ ਛੇ):** (1×6=6)

ੳ) ਪੰਜਾਬੀ ਗੱਭਰੂਆਂ ਨੂੰ ਕਿਸ ਨੇ ਡੋਬ ਦਿੱਤਾ ਹੈ?

ਅ) ਕੌਣ ਸਾਡੀ ਸਰੀਰ ਦੀ ਚਮੜੀ 'ਤੇ ਬੁਰਾ ਪ੍ਰਭਾਵ ਪਾ ਰਹੀਆਂ ਹਨ?

ੲ) ਬਜ਼ੁਰਗ ਨੇ ਬਲਬੀਰ ਸਿੰਘ ਤੋਂ ਕਿਹੜੇ ਸਵਾਲ ਪੁੱਛੇ?

ਸ) ਗੁਰਮਤਿ ਅਤੇ ਗੁਰਬਾਣੀ ਦੇ ਪ੍ਰਵਾਹ ਦਾ ਅਪਾਰ ਕੇਂਦਰ ਕਿਹੜਾ ਹੈ?

ਹ) 2007 ਦੇ ਵਰਲਡ ਕੱਪ ਜਿੱਤਣ ਸਮੇਂ ਭਾਰਤੀ ਟੀਮ ਦੇ ਕਪਤਾਨ ਕੌਣ ਸਨ?

ਕ) ਗੁਰਮੀਤ ਦਾ ਦਾਖਲਾ ਸ਼ਹਿਰ ਦੇ ਕਿਹੜੇ ਸਕੂਲ ਵਿੱਚ ਕਰਵਾਇਆ ਗਿਆ?

ਖ) ਤੁਲਸੀ ਦਾ ਪੌਦਾ ਕਿਹੜੀਆਂ ਬਿਮਾਰੀਆਂ ਨੂੰ ਠੀਕ ਕਰਦਾ ਹੈ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 4-5 ਸਤਰਾਂ ਵਿੱਚ ਦਿਓ: (ਕੋਈ ਪੰਜ)** (5×2=10)

ੳ) ਸਵੇਰੇ ਸੂਰਜ ਨੂੰ ਪਾਣੀ ਦੇਣ ਪਿੱਛੇ ਕੀ ਤਰਕ ਹੈ?

ਅ) ਗੁਰਮੀਤ ਨੂੰ ਪਿੰਡ ਛੱਡ ਕੇ ਸ਼ਹਿਰ ਕਿਉਂ ਆਉਣਾ ਪਿਆ?

ੲ) ਹਾਰਦਿਕ ਪਾਂਡੇ ਮੈਚ ਜਿੱਤਣ ਤੋਂ ਬਾਅਦ ਭਾਵੁਕ ਕਿਉਂ ਹੋ ਗਿਆ?

ਸ) ਤਰਨਤਾਰਨ ਪੁੱਜ ਕੇ ਬਾਬਾ ਦੀਪ ਸਿੰਘ ਜੀ ਨੇ ਸਿੱਖਾਂ ਨੂੰ ਕੀ ਕਿਹਾ?

ਹ) ਬਜ਼ੁਰਗ ਬਲਬੀਰ ਸਿੰਘ ਤੋਂ ਨਰਾਜ਼ ਕਿਉਂ ਹੋ ਗਿਆ?

ਕ) ਪਾਣੀ ਦੇ ਕੀ-ਕੀ ਲਾਭ ਹਨ?

**3) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ:**

ਸਵਾਲ, ਵਾਤਾਵਰਨ, ਬਜ਼ੁਰਗ, ਮਾਹੌਲ, ਅੰਧ-ਵਿਸ਼ਵਾਸ

**4) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ:**

1. "ਮੇਰੇ ਦਾਦੀ ਜੀ ਹਰ ਰੋਜ਼ ਸਵੇਰੇ ਸੂਰਜ ਨੂੰ ਪਾਣੀ ਦਿੰਦੇ ਹਨ।"
2. "ਇਸ ਵਿੱਚ ਬੁਝਾਰਤ ਵਾਲੀ ਕੋਈ ਗੱਲ ਨਹੀਂ। ਮੇਰੇ ਕੋਲ ਲੱਖਾਂ ਰੁਪਏ ਹਨ।"

Scanned with OKEN Scanner

5) **ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ।:**

ਹਵਾ ਤੇ ਪਾਣੀ ਦੂਸ਼ਿਤ ਕਰਤੇ,
ਸਾਹ ਲੈਣਾ ਵੀ ਹੋਇਆ ਦੁੱਭਰ।
ਕਿੰਨੇ ਦੁੱਖ ਨਾਲ ਕਹਿਣਾ ਪੈਂਦਾ,
ਅਜੇ ਵੀ ਸੁੱਤਾ ਪਿਆ ਇਨਸਾਨ।

1. ਇਹ ਕਾਵਿ-ਟੋਟਾ ਕਿਸ ਕਵਿਤਾ ਵਿੱਚੋ ਲਿਆ ਗਿਆ ਹੈ ਅਤੇ ਇਸ ਦੇ ਕਵੀ ਦਾ ਨਾਂ ਦੱਸੋ।
2. ਸਾਹ ਲੈਣਾ ਕਿਉਂ ਦੁੱਭਰ ਹੋ ਗਿਆ ਹੈ?
3. 'ਦੁੱਭਰ' ਸ਼ਬਦ ਦਾ ਅਰਥ ਦੱਸੋ।

## ਲਿਖਣ-ਕੌਸ਼ਲ

1) **ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** (8)

**ਦੁਸਹਿਰਾ**

ਨੁਕਤੇ -

ਜਾਣ-ਪਛਾਣ, ਦੁਸਹਿਰਾ ਮਨਾਏ ਜਾਣ ਦੇ ਕਾਰਨ, ਰਾਮ ਲੀਲ੍ਹਾ ਵਿਖਾਉਣੀ, ਦੁਰਗਾ ਪੂਜਾ, ਸਿੱਖਿਆ, ਸਾਰਾਂਸ਼।

**ਜਾਂ**

**ਮੋਬਾਇਲ ਫੋਨ**

ਨੁਕਤੇ -

ਭੂਮਿਕਾ, ਸੰਚਾਰ ਦਾ ਲੋਕਪ੍ਰਿਅ ਸਾਧਨ, ਮੋਬਾਇਲ ਦੇ ਅਕਾਰ, ਘੱਟ ਖ਼ਰਚੀਲਾ, ਆਮ ਲੋਕਾਂ ਦੀ ਪਹੁੰਚ ਵਿੱਚ, ਮੋਬਾਇਲ ਦੇ ਫ਼ਾਇਦੇ, ਦਿਖਾਵਾ ਅਤੇ ਫ਼ਜ਼ੂਲ ਖ਼ਰਚੀ ਤੋਂ ਬਚਣਾ, ਅਪਰਾਧਾਂ ਵਿੱਚ ਵਾਧਾ, ਮੋਬਾਇਲ ਦੀਆਂ ਹਾਨੀਆਂ, ਸਾਰਾਂਸ਼।

2) **ਹੇਠ ਲਿਖਿਆਂ ਵਿਸ਼ਿਆਂ ਵਿੱਚੋਂ ਇੱਕ ਪੱਤਰ ਲਿਖੋ:** (7)

ਨਗਰ-ਨਿਗਮ ਦੇ ਪ੍ਰਧਾਨ ਨੂੰ ਆਪਣੇ ਮੁਹੱਲੇ ਦੀ ਸਫ਼ਾਈ ਲਈ ਬਿਨੈ-ਪੱਤਰ ਲਿਖੋ।

**ਜਾਂ**

ਤੁਹਾਡਾ ਛੋਟਾ ਭਰਾ ਪੜ੍ਹਾਈ ਵੱਲ ਧਿਆਨ ਨਹੀਂ ਦਿੰਦਾ ਅਤੇ ਘਰ ਵਿੱਚ ਮੰਮੀ-ਡੈਡੀ ਦਾ ਕਹਿਣਾ ਵੀ ਨਹੀਂ ਮੰਨਦਾ। ਇੱਕ ਪੱਤਰ ਰਾਹੀਂ ਉਸਨੂੰ ਆਪਣੀ ਪੜ੍ਹਾਈ ਵਿੱਚ ਦਿਲਚਸਪੀ ਲੈਣ ਲਈ ਪ੍ਰੇਰਿਤ ਕਰੋ।



Scanned with OKEN Scanner